ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ -2 ਸ਼ਾਖਾ)

ਸੇਵਾ ਵਿਖੇ

(1) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ;
(2) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ;
(3) ਡਾਇਰੈਕਟਰ, ਸਿਹਤ ਸੇਵਾਵਾਂ (ਸ.ਬ.) ਪੰਜਾਬ।

ਮੀਮੋ ਨੰ: 26/12/94-5ਸਿ2/126-128
ਮਿਤੀ, ਚੰਡੀਗੜ੍ਹ, 8-1-2●1●

**ਵਿਸ਼ਾ:** **ਪੀ.ਸੀ.ਐਮ.ਐਸ./ਪੀ.ਸੀ.ਐਮ.ਐਸ.(ਡੈਂਟਲ) ਮੈਡੀਕਲ ਅਫਸਰਾਂ ਨੂੰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਅਤੇ ਸੁਪਰ ਸਪੈਸ਼ਲਿਟੀ ਕਰਨ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ ਨੀਤੀ**

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਵਲੋਂ ਮੀਮੋ ਨੰ: 26/12/94-5ਸਿ2/999●, ਮਿਤੀ 13-5-1996, 26/12/94-3ਸਿ2/37●●3 ਤੋਂ 37●●3, ਮਿਤੀ 29-9-1998, 26/12/94-3ਸਿ2/127●1-●3, ਮਿਤੀ 21-4-1999 ਅਤੇ ਨੰ:26/12/94-4ਸਿ2/18763, ਮਿਤੀ 3●-7-2●●7 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ ਸੁਪਰਸੀਡ ਕਰਦੇ ਹੋਏ ਹੇਠ ਲਿਖੇ ਅਨੁਸਾਰ ਵਿਸਥਾਰਪੂਰਵਕ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਇਹ ਹਦਾਇਤਾਂ ਪੀ.ਸੀ.ਐਮ.ਐਸ./ਪੀ.ਸੀ.ਐਮ.ਐਸ.(ਡੈਂਟਲ) ਡਾਕਟਰਾਂ ਲਈ ਤੁਰੰਤ ਇਸ ਮਿਤੀ ਤੋਂ ਲਾਗੂ ਹੋਣਗੀਆਂ।

1. **ਪੋਸਟ-ਗਰੈਜੂਏਸ਼ਨ (ਡਿਪਲੋਮਾ/ਡਿਗਰੀ) ਕੋਰਸ ਅਤੇ ਸੁਪਰਸਪੈਸ਼ਲਟੀ ਕੋਰਸ ਲਈ ਸਾਂਝੀਆਂ ਸ਼ਰਤਾਂ:**

1.1 ਵੱਖ ਵੱਖ ਕੋਰਸ ਅਤੇ ਕੈਟਾਗਰੀ ਦੀ ਐਡਮਿਸ਼ਨ ਲਈ ਸ਼ਰਤਾਂ ਵਿਸਥਾਰ ਵਿੱਚ ਸਬੰਧਤ ਪੈਰ੍ਹਿਆਂ ਵਿੱਚ ਦਿੱਤੀਆਂ ਗਈਆਂ ਹਨ ਅਤੇ ਕੁਝ ਸ਼ਰਤਾਂ ਜੋ ਕਾਮਨ ਅਤੇ ਮਹੱਤਵਪੂਰਨ ਹਨ ਉਨ੍ਹਾਂ ਦਾ ਜਿਕਰ ਹੇਠ ਲਿਖੇ ਪੈਰ੍ਹਿਆਂ ਵਿੱਚ ਕੀਤਾ ਜਾ ਰਿਹਾ ਹੈ ਅਤੇ ਉਮੀਦਵਾਰ ਦਾ ਧਿਆਨ ਦਿਵਾਉਣਾ ਜਰੂਰੀ ਹੈ।

1.2 ਕੋਈ ਵੀ ਉਮੀਦਵਾਰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ) ਕੋਰਸ ਅਤੇ ਸੁਪਰਸਪੈਸ਼ਲਟੀ ਦਾ ਇੰਟਰੈਂਸ ਟੈਸਟ ਜਾਂ ਕੋਈ ਇੰਟਰਵਿਊ ਲਈ ਅਪਲਾਈ ਕਰਨ ਤੋਂ ਪਹਿਲਾਂ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਤੋਂ ਇਤਰਾਜ-ਹੀਣਤਾ ਸਰਟੀਫਿਕੇਟ ਹਾਸਲ ਕਰੇਗਾ। ਐਗਜਾਮ ਪਾਸ ਕਰਨ ਤੋਂ ਬਾਅਦ ਅਤੇ ਦਾਖਲਾ ਲੈਣ ਤੋਂ ਪਹਿਲਾਂ ਸਰਕਾਰ ਤੋਂ ਇਤਰਾਜ-ਹੀਣਤਾ ਸਰਟੀਫਿਕੇਟ ਹਾਸਲ ਕਰੇਗਾ।

1.3 ਡਾਕਟਰ ਨੂੰ ਇੰਟਰੈਂਸ ਟੈਸਟ/ਇੰਟਰਵਿਊ ਵਿੱਚ ਬੈਠਣ ਲਈ ਤਦੋਂ ਹੀ ਡਾਇਰੈਕਟਰ ਸਿਹਤ ਸੇਵਾਵਾਂ ਵਲੋਂ ਮੰਨਜੂਰੀ/ਇਤਰਾਜ-ਹੀਣਤਾ ਸਰਟੀਫਿਕੇਟ ਦਿੱਤਾ ਜਾਵੇਗਾ ਜੇਕਰ ਉਸ ਦਾ ਸਰਵਿਸ ਰਿਕਾਰਡ ਠੀਕ ਹੋਵੇ, ਲੋੜੀਂਦੀ ਪੇਂਡੂ ਸੇਵਾ ਪੂਰੀ ਹੋਵੇ ਅਤੇ ਬਾਂਡ ਦੇ ਮੁਤਾਬਿਕ ਬਣਦੇ ਸਮੇਂ ਦੀ ਸਰਵਿਸ ਕੋਰਸ ਕਰਨ ਤੋਂ

ਬਾਅਦ ਰਹਿੰਦੀ ਹੋਵੇ। ਇਕ ਵਾਰ ਫਿਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਿਰਫ ਯੋਗ ਉਮੀਦਵਾਰ ਹੀ ਡਾਇਰੈਕਟਰ ਸਿਹਤ ਸੇਵਾਂਵਾਂ ਤੋਂ ਇਤਰਾਜ-ਹੀਣਤਾ ਸਰਟੀਫਿਕੇਟ ਲੈਣ ਤੋਂ ਬਾਅਦ ਐਡਮਿਸ਼ਨ ਲਈ ਇੰਟਰੈਂਸ ਟੈਸਟ/ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ।

1.4 ਐਡਮਿਸ਼ਨ ਹੋਣ ਤੋਂ ਬਾਅਦ ਡਾਕਟਰ ਨੂੰ ਵਿਭਾਗ ਵਲੋਂ ਤਾਂ ਹੀ ਰਲੀਵ ਕੀਤਾ ਜਾਵੇਗਾ ਜੇਕਰ ਉਹ ਪੰਜਾਬ ਸਰਕਾਰ ਨੂੰ ਇਤਰਾਜ-ਹੀਣਤਾ ਸਰਟੀਫਿਕੇਟ ਲਈ ਅਪਲਾਈ ਕਰੇਗਾ ਅਤੇ ਲੋੜੀਂਦੇ ਸਮੇਂ ਅਤੇ ਰਾਸ਼ੀ ਦਾ ਬਾਂਡ ਭਰੇਗਾ ਅਤੇ ਸਰਕਾਰ ਉਸ ਨੂੰ ਬਾਂਡ ਭਰਵਾਉਣ ਤੋਂ ਬਾਅਦ ਹੀ ਰਲੀਵ ਕਰੇਗੀ।

## 2. ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਲਈ 6●% ਕੋਟੇ ਦੇ ਵਿਰੁੱਧ ਦਾਖਲੇ ਲਈ:

2.1 ਪੰਜਾਬ ਸਰਕਾਰ ਦੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਪੋਸਟ ਗਰੈਜੂਏਸ਼ਨ(ਡਿਪਲੋਮਾ/ਡਿਗਰੀ ਕੋਰਸ) ਲਈ 6●% ਸੀਟਾਂ ਰਾਖਵੀਆਂ ਰਖੀਆਂ ਹੋਈਆਂ ਹਨ। ਪੀ.ਸੀ.ਐਮ.ਐਸ. ਡਾਕਟਰਾਂ ਨੂੰ ਦਾਖਲੇ ਲਈ ਇਤਰਾਜਹੀਣਤਾ ਸਰਟੀਫਿਕੇਟ ਲੈਣ ਲਈ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ।

2.2 ਰੈਗੂਲਰ ਪੀ.ਸੀ.ਐਮ.ਐਸ. ਡਾਕਟਰ ਜਿਨ੍ਹਾਂ ਦੀ ਪੇਂਡੂ ਸੇਵਾ 3 ਸਾਲ ਦੀ ਹੋਵੇ,ਪਰਖਕਾਲ ਸਮਾਂ ਪੂਰਾ ਕੀਤਾ ਹੋਵੇ, ਸਰਵਿਸ ਰਿਕਾਰਡ ਠੀਕ ਹੋਵੇ ਅਤੇ ਕੋਈ ਵਿਜੀਲੈਂਸ/ਵਿਭਾਗੀ ਅਤੇ ਅਨੁਸ਼ਾਸ਼ਨਿਕ ਕਾਰਵਾਈ ਲੰਬਿਤ ਨਾ ਹੋਵੇ, 6●% ਕੋਟੇ ਲਈ ਯੋਗ ਹੋਣਗੇ।

2.3 ਡਾਕਟਰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਲਈ ਤਦੋਂ ਹੀ ਸਿਹਤ ਵਿਭਾਗ ਵਲੋਂ ਭੇਜੇ ਜਾਣਗੇ ਜੇਕਰ ਉਨ੍ਹਾਂ ਦੀ ਸਰਵਿਸ ਪੋਸਟ ਗਰੈਜੂਏਸ਼ਨ (ਡਿਪਲੋਮਾ) ਕੰਪਲੀਟ ਕਰਨ ਤੋਂ ਬਾਅਦ 6 ਸਾਲ ਅਤੇ ਪੋਸਟ ਗਰੈਜੂਏਸ਼ਨ (ਡਿਗਰੀ) ਕੋਰਸ ਕਰਨ ਤੋਂ ਬਾਅਦ 1● ਸਾਲ ਦੀ ਰਹਿੰਦੀ ਹੋਵੇ। ਜਿਨ੍ਹਾਂ ਡਾਕਟਰਾਂ ਦੀ ਸਰਵਿਸ 6 ਜਾਂ 1● ਸਾਲ ਤੋਂ ਘੱਟ ਰਹਿੰਦੀ ਹੋਵੇਗੀ, ਉਹ 6●% ਕੋਟੇ ਦੀ ਸੀਟ ਵਾਸਤੇ ਪੋਸਟ ਗਰੈਜੂਏਸ਼ਨ ਏਂਟਰੈਂਸ ਟੈਸਟ ( P.G.E.T.) ਵਿੱਚ ਭਾਗ ਲੈਣ ਲਈ ਯੋਗ ਨਹੀਂ ਹੋਣਗੇ।

2.4 ਪੀ.ਸੀ.ਐਮ.ਐਸ. ਡਾਕਟਰ ਆਪਣੇ ਕੋਰਸ ਦੇ ਸਮੇਂ ਦੌਰਾਨ ਸਰਕਾਰੀ ਮੈਡੀਕਲ ਕਾਲਜ ਵਿੱਚ ਡੈਪੂਟੇਸ਼ਨ ਤੇ ਸਮਝੇ ਜਾਣਗੇ ਪਰੰਤੂ ਉਨ੍ਹਾਂ ਨੂੰ ਡੈਪੂਟੇਸ਼ਨ ਭੱਤਾ ਨਹੀਂ ਦਿੱਤਾ ਜਾਵੇਗਾ। ਕੋਰਸ ਦਾ ਮਿਥਿਆ ਸਮਾਂ ਪੂਰਾ ਹੋਣ ਤੇ ਡਾਕਟਰ ਪੀ.ਸੀ.ਐਮ.ਐਸ. ਕਾਡਰ ਵਿੱਚ ਰਿਪੋਰਟ ਕਰਨਗੇ। ਜੇਕਰ ਕੋਈ ਡਾਕਟਰ ਮਿਥੇ ਸਮੇਂ ਵਿੱਚ ਆਪਣਾ ਕੋਰਸ ਪੂਰਾ ਨਹੀਂ ਕਰਦਾ ਤਾਂ ਵੀ ਡਾਕਟਰ ਵਾਪਸ ਸਿਹਤ ਵਿਭਾਗ ਵਿੱਚ ਰਿਵਰਟ ਹੋ ਕੇ ਪ੍ਰੀਖਿਆ ਦੇਣ ਲਈ ਬਾਕੀ ਸਮੇਂ ਦੀ ਬਣਦੀ ਛੁੱਟੀ ਲੈ ਕੇ ਕੋਰਸ ਪੂਰਾ ਕਰ ਸਕੇਗਾ।

2.5 ਇਨ੍ਹਾਂ ਡਾਕਟਰਾਂ ਨੂੰ ਪੋਸਟ ਗਰੈਜੂਏਸ਼ਨ(ਡਿਪਲੋਮਾ/ਡਿਗਰੀ ਕੋਰਸ) ਕਰਨ ਲਈ ਚੁਣਨ ਤੇ ਉਨ੍ਹਾਂ ਨੂੰ ਕੋਰਸ ਕਰਨ ਤੋਂ ਬਾਅਦ ਸਰਕਾਰੀ ਸੇਵਾ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:

| | ਕੋਰਸ ਦਾ ਨਾਂ | ਬਾਂਡ ਮਨੀ | ਸਮਾਂ |
|---|---|---|---|
| (1) | ਪੀ.ਜੀ.ਡਿਪਲੋਮਾ ਕੋਰਸ: | 12 ਲੱਖ ਰੁਪਏ | 6 ਸਾਲ |

(2) ਪੀ.ਜੀ. ਡਿਗਰੀ ਕੋਰਸ ਲਈ : 2● ਲੱਖ ਰੁਪਏ 1● ਸਾਲ

ਜੇਕਰ ਡਾਕਟਰ ਬਾਂਡ ਦੇ ਪੂਰੇ ਸਮੇਂ ਲਈ ਸਰਕਾਰ ਦੀ ਸੇਵਾ ਨਹੀਂ ਕਰਦਾ ਤਾਂ ਉਸ ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਕਤ ਦੱਸੀਆਂ ਰਕਮਾਂ, ਜਿਵੇਂ ਕਿ ਕੇਸ ਹੋਵੇ ਸਰਕਾਰ ਨੂੰ ਦੇਣੀ/ਜਮ੍ਹਾਂ ਕਰਵਾਉਣੀ ਪਵੇਗੀ।

2.6 ਪੀ.ਸੀ.ਐਮ.ਐਸ. ਡਾਕਟਰ ਆਪਣੀ ਸਰਵਿਸ ਦੌਰਾਨ ਇਕ ਵਾਰ ਹੀ 6●% ਕੋਟੇ ਵਿਰੁੱਧ ਪੋਸਟ ਗਰੈਜੂਏਸ਼ਨ ( ਡਿਪਲੋਮਾ/ ਡਿਗਰੀ ਕੋਰਸ) ਕਰ ਸਕਦੇ ਹਨ।

2.7 ਜੇਕਰ ਕੋਈ ਡਾਕਟਰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਕਿਸੇ ਕਾਰਨ ਵਿਚਕਾਰ ਛੱਡ ਕੇ ਚਲਿਆ ਜਾਂਦਾ ਹੈ ਤਾਂ ਉਸ ਨੂੰ 5 ਸਾਲ ਲਈ ਡੀਬਾਰ ਕੀਤਾ ਜਾਵੇਗਾ ਅਤੇ ਉਸ ਦੁਆਰਾ ਕੋਰਸ ਲਈ ਲਾਇਆ ਸਮਾਂ ਬਿਨਾਂ ਤਨਖਾਹ ਛੁੱਟੀ ਤਸਵਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਬਾਂਡ ਦੀ ਰਕਮ ਵੀ ਵਸੂਲ ਕੀਤੀ ਜਾਵੇਗੀ। (ਇਹ ਸ਼ਰਤ ਅਸਾਧਾਰਨ ਮੈਡੀਕਲ ਗਰਾਉਂਡ ਦੇ ਕੇਸ ਵਿੱਚ ਲਾਗੂ ਨਹੀਂ ਹੋਵੇਗੀ। ਇਸ ਤਰ੍ਹਾਂ ਦੀ ਅਸਾਧਾਰਨ ਮੈਡੀਕਲ ਗਰਾਉਂਡ ਦਾ ਸਰਟੀਫਿਕੇਟ ਰਾਜ ਮੈਡੀਕਲ ਬੋਰਡ ਪਾਸੋਂ ਹੋਣਾ ਜਰੂਰੀ ਹੋਵੇਗਾ)।

2.8 ਡਾਕਟਰ ਨੂੰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਦੌਰਾਨ ਸਪੈਸ਼ਲਿਟੀ ਜਾਂ ਮੈਡੀਕਲ ਕਾਲਜ ਬਦਲਣ ਦਾ ਅਧਿਕਾਰ ਨਹੀਂ ਹੋਵੇਗਾ।

2.9 ਉਪਰੋਕਤ ਹਦਾਇਤਾਂ ਵਿੱਚ ਰੂਰਲ ਸੇਵਾ ਅਤੇ ਕੋਰਸ ਪੂਰਾ ਹੋਣ ਉਪਰੰਤ ਬਾਂਡ ਲਈ ਬਚਦੀ ਸੇਵਾ ਬਾਰੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਵਲੋਂ ਇਤਰਾਜ-ਹੀਣਤਾ ਸਰਟੀਫਿਕੇਟ ਹਾਸਲ ਕਰਨ ਤੋਂ ਬਾਅਦ ਹੀ ਉਮੀਦਵਾਰ ਪੋਸਟ-ਗਰੈਜੂਏਸ਼ਨ ਇੰਟਰੈਂਸ ਟੈਸਟ (ਪੀ.ਜੀ.ਈ.ਟੀ.) ਜੋ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਵਲੋਂ ਕੰਡਕਟ ਕੀਤਾ ਜਾਂਦਾ ਹੈ ਵਿੱਚ ਬੈਠਣ ਲਈ ਯੋਗ ਹੋਣਗੇ। ਇਸ ਸਰਟੀਫਿਕੇਟ ਤੋਂ ਬਿਨਾਂ ਪੀ.ਸੀ.ਐਮ.ਐਸ. ਡਾਕਟਰਾਂ ਨੂੰ 6●% ਕੋਟੇ ਦੇ ਵਿਰੁੱਧ ਪੀ.ਜੀ.ਈ.ਟੀ. ਵਿੱਚ ਭਾਗ ਲੈਣ ਲਈ ਯੋਗ ਨਹੀਂ ਹੋਣਗੇ।

2.1● ਡਾਕਟਰ ਨੂੰ ਪੀ.ਜੀ. ਕੋਰਸ ਵਿੱਚ ਦਾਖਲਾ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਲੋਂ ਇਤਰਾਜ-ਹੀਣਤਾ ਸਰਟੀਫਿਕੇਟ ਲੈਣ ਤੋਂ ਬਾਅਦ ਹੀ ਲੈ ਸਕਦੇ ਹਨ। ਸਰਕਾਰ ਇਤਰਾਜ-ਹੀਣਤਾ ਸਰਟੀਫਿਕੇਟ ਤਦੋਂ ਹੀ ਦੇਵੇਗੀ ਜੇਕਰ ਡਾਕਟਰ ਉਪਰ ਲਿਖੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਮੁਕੰਮਲ ਬਾਂਡ (ਉਪਰੋਕਤ ਰਾਸ਼ੀ ਅਤੇ ਸਮੇਂ ਦਾ) ਉਨ੍ਹਾਂ ਵਲੋਂ ਭਰਿਆ ਹੋਵੇ।

## 3. 3 ਸਾਲ ਦੀ ਪੇਂਡੂ ਸਰਵਿਸ ਅਤੇ 6●% ਕੋਟੇ ਤੋਂ ਇਲਾਵਾ ਐਡਮਿਸ਼ਨ:

3.1 ਪੀ.ਸੀ.ਐਮ.ਐਸ. ਡਾਕਟਰ ਪੰਜਾਬ ਸਰਕਾਰ ਦੇ ਮੈਡੀਕਲ ਕਾਲਜਾਂ ਵਿੱਚ 6●% ਕੋਟੇ ਤੋਂ ਇਲਾਵਾ ਸੀਟਾਂ ਲਈ ਅਤੇ ਹੋਰ ਕਾਲਜਾਂ ਵਿੱਚ ਵੀ ਹੇਠ ਲਿਖੀਆਂ ਸ਼ਰਤਾਂ ਜੇਕਰ ਉਹ ਪੂਰੀਆਂ ਕਰਦੇ ਹੋਣਗੇ

ਤਾਂ ਐਡਮਿਸ਼ਨ ਲਈ ਯੋਗ ਹੋਣਗੇ। ਇਸ ਕੈਟਾਗਰੀ ਵਿੱਚ ਵੱਧ ਤੋਂ ਵੱਧ 10 ਡਾਕਟਰਾਂ ਨੂੰ ਭੇਜਿਆ ਜਾਵੇਗਾ। ਜੇਕਰ 10 ਡਾਕਟਰਾਂ ਤੋਂ ਜਿਆਦਾ ਅਰਜੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਸਿਲੈਕਸ਼ਨ ਸਿਨਿਉਰਿਟੀ ਦੇ ਅਧਾਰ ਤੇ ਕੀਤੀ ਜਾਵੇਗੀ।

3.2 ਪੀ.ਸੀ.ਐਮ.ਐਸ. ਡਾਕਟਰ ਜੋ ਰੈਗੂਲਰ ਆਧਾਰ ਤੇ ਲਗੇ ਹਨ ਅਤੇ ਜਿਨ੍ਹਾਂ ਦੀ ਪੇਂਡੂ ਸੇਵਾ (ਐਡਹਾਕ ਸਮੇਤ) 3 ਸਾਲ ਦੀ ਹੋਵੇ, ਪਰਖਕਾਲ ਸਮਾਂ ਪੂਰਾ ਕੀਤਾ ਹੋਵੇ, ਸਰਵਿਸ ਰਿਕਾਰਡ ਠੀਕ ਹੋਵੇ ਅਤੇ ਕੋਈ ਵਿਜੀਲੈਂਸ/ਵਿਭਾਗੀ/ਅਨੁਸ਼ਾਸ਼ਨਿਕ ਕਾਰਵਾਈ ਉਨ੍ਹਾਂ ਦੇ ਵਿਰੁੱਧ ਲੰਬਿਤ ਨਾ ਹੋਵੇ, ਉਹ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਕਰਨ ਲਈ ਹੇਠ ਲਿਖੇ ਕਾਲਜਾਂ ਵਿੱਚ ਐਡਮਿਸ਼ਨ ਲਈ ਯੋਗ ਹੋਣਗੇ:

- 40% ਕੋਟੇ ਲਈ: ਪੰਜਾਬ ਰਾਜ ਦੇ ਸਰਕਾਰੀ ਮੈਡੀਕਲ ਕਾਲਜ
- ਪੰਜਾਬ ਰਾਜ ਦੇ ਗੈਰ-ਸਰਕਾਰੀ ਮੈਡੀਕਲ ਕਾਲਜ
- ਪੰਜਾਬ ਰਾਜ ਤੋਂ ਬਾਹਰ ਸਰਕਾਰੀ/ ਗੈਰ-ਸਰਕਾਰੀ ਮੈਡੀਕਲ ਕਾਲਜ

3.3 ਜੋ ਡਾਕਟਰ ਪੈਰ੍ਹਾ 3.2 ਵਿੱਚ ਲਿਖੇ ਕੋਟੇ/ਕਾਲਜਾਂ ਵਿੱਚ ਐਡਮਿਸ਼ਨ ਲੈਂਦੇ ਹਨ ਤਾਂ ਉਨ੍ਹਾਂ ਨੂੰ ਬਣਦੀ ਛੁੱਟੀ ਦਿੱਤੀ ਜਾਵੇਗੀ। ਇਨ੍ਹਾਂ ਡਾਕਟਰਾਂ ਨੂੰ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:

| | ਕੋਰਸ | ਬਾਂਡ ਮਨੀ | ਸਮਾਂ |
|---|---|---|---|
| (1) | ਪੀ.ਜੀ.ਡਿਪਲੋਮਾ | : 6 ਲੱਖ ਰੁਪਏ | 3 ਸਾਲ |
| (2) | ਪੀ.ਜੀ. ਡਿਗਰੀ ਲਈ | : 10 ਲੱਖ ਰੁਪਏ | 5 ਸਾਲ |

ਇਹ ਡਾਕਟਰ ਪੋਸਟ-ਗਰੈਜੂਏਸ਼ਨ (ਡਿਪਲੋਮਾ/ਡਿਗਰੀ) ਕੋਰਸ ਲਈ ਤਦੋਂ ਹੀ ਸਿਹਤ ਵਿਭਾਗ ਵਲੋਂ ਭੇਜੇ ਜਾਣਗੇ ਜੇਕਰ ਉਨ੍ਹਾਂ ਦੀ ਸਰਵਿਸ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ) ਕੰਪਲੀਟ ਕਰਨ ਤੋਂ ਬਾਅਦ 3 ਸਾਲ ਅਤੇ ਪੋਸਟ ਗਰੈਜੂਏਸ਼ਨ ਡਿਗਰੀ ਕੋਰਸ ਕਰਨ ਤੋਂ ਬਾਅਦ 5 ਸਾਲ ਦੀ ਰਹਿੰਦੀ ਹੋਵੇ। ਜਿਨ੍ਹਾਂ ਡਾਕਟਰਾਂ ਦੀ ਸਰਵਿਸ 3 ਸਾਲ ਜਾਂ 5 ਸਾਲ ਤੋਂ ਘੱਟ ਰਹਿੰਦੀ ਹੋਵੇ, ਉਹ ਪੀ.ਜੀ.ਈ.ਟੀ. ਟੈਸਟ ਜਾਂ ਕੋਈ ਇੰਟਰਵਿਊ ਵਿੱਚ ਭਾਗ ਲੈਣ ਲਈ ਯੋਗ ਨਹੀਂ ਹੋਣਗੇ ਅਤੇ ਨਾ ਹੀ ਐਡਮਿਸ਼ਨ ਲੈਣ ਲਈ ਯੋਗ ਹੋਣਗੇ।

3.4 ਜੇਕਰ ਕੋਈ ਡਾਕਟਰ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ ਕੋਰਸ) ਕਿਸੇ ਕਾਰਨ ਵਿਚਕਾਰ ਛੱਡ ਕੇ ਚਲਿਆ ਜਾਂਦਾ ਹੈ ਤਾਂ ਉਸ ਨੂੰ 5 ਸਾਲ ਲਈ ਡੀਬਾਰ ਕੀਤਾ ਜਾਵੇਗਾ ਅਤੇ ਉਸ ਦੁਆਰਾ ਕੋਰਸ ਲਈ ਲਾਇਆ ਸਮਾਂ ਬਿਨਾਂ ਤਨਖਾਹ ਛੁੱਟੀ ਤਸਵਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਬਾਂਡ ਦੀ ਰਕਮ ਵੀ ਵਸੂਲ ਕੀਤੀ ਜਾਵੇਗੀ। (ਇਹ ਸ਼ਰਤ ਅਸਾਧਾਰਨ ਮੈਡੀਕਲ ਗਰਾਉਂਡ ਦੇ ਕੇਸ ਵਿੱਚ ਲਾਗੂ ਨਹੀਂ ਹੋਵੇਗੀ। ਇਸ ਤਰ੍ਹਾਂ ਦੀ ਅਸਾਧਾਰਨ ਮੈਡੀਕਲ ਗਰਾਉਂਡ ਦਾ ਸਰਟੀਫਿਕੇਟ ਰਾਜ ਮੈਡੀਕਲ ਬੋਰਡ ਪਾਸੋਂ ਹੋਣਾ ਜਰੂਰੀ ਹੋਵੇਗਾ)।

3.5 ਜੋ ਪੀ.ਸੀ.ਐਮ.ਐਸ. ਡਾਕਟਰ ਉਪਰੋਕਤ ਪੈਰ੍ਹਾ 3.2 ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਅਤੇ ਉਹ ਉਪਰੋਕਤ ਪੈਰਾ-3.2 ਅਧੀਨ ਪੋਸਟ ਗਰੈਜੂਏਸਨ (ਡਿਪਲੋਮਾ/ਡਿਗਰੀ ਕੋਰਸ) ਲਈ ਐਡਮਿਸ਼ਨ

ਲੈਣਾ ਚਾਹੁੰਦੇ ਹਨ ਤਾਂ ਨੌਕਰੀ ਤੋਂ ਅਸਤੀਫਾ ਦੇਣਾ ਪਵੇਗਾ ਅਤੇ ਉਹ ਸਿਹਤ ਵਿਭਾਗ ਤੋਂ ਇਤਰਾਜਹੀਣਤਾ ਸਰਟੀਫਿਕੇਟ ਲੈਣ ਦੇ ਹੱਕਦਾਰ ਨਹੀਂ ਹੋਣਗੇ।

3.6 ਉਪਰੋਕਤ ਹਦਾਇਤਾਂ ਵਿੱਚ ਰੂਰਲ ਸੇਵਾ ਅਤੇ ਕੋਰਸ ਪੂਰਾ ਹੋਣ ਉਪਰੰਤ ਬਾਂਡ ਲਈ ਬਚਦੀ ਸੇਵਾ ਬਾਰੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਵਲੋਂ ਇਤਰਾਜ-ਹੀਣਤਾ ਸਰਟੀਫਿਕੇਟ ਹਾਸਲ ਕਰਨ ਤੋਂ ਬਾਅਦ ਹੀ ਉਮੀਦਵਾਰ ਐਡਮਿਸ਼ਨ ਲਈ ਅਪਲਾਈ ਕਰੇਗਾ ਜਾਂ ਇੰਟਰੈਂਸ ਟੈਸਟ ਵਿੱਚ ਬੈਠੇਗਾ। ਇਤਰਾਜ-ਹੀਣਤਾ ਸਰਟੀਫਿਕੇਟ ਤੋਂ ਬਿਨਾਂ ਡਾਕਟਰ ਨਾ ਤਾਂ ਐਡਮਿਸ਼ਨ ਲਈ ਅਪਲਾਈ ਕਰ ਸਕਦਾ ਹੈ ਅਤੇ ਨਾ ਹੀ ਇੰਟਰੈਂਸ ਟੈਸਟ ਵਿੱਚ ਬੈਠ ਸਕਦਾ ਹੈ।

3.7 ਪੀ.ਜੀ. ਕੋਰਸ ਵਿੱਚ ਦਾਖਲਾ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਲੋਂ ਇਤਰਾਜ-ਹੀਣਤਾ ਸਰਟੀਫਿਕੇਟ ਲੈਣ ਤੋਂ ਬਾਅਦ ਹੀ ਲੈ ਸਕਦੇ ਹਨ। ਸਰਕਾਰ ਇਤਰਾਜ-ਹੀਣਤਾ ਸਰਟੀਫਿਕੇਟ ਤਦੋਂ ਹੀ ਦੇਵੇਗੀ ਜੇਕਰ ਡਾਕਟਰ ਉਪਰ ਲਿਖੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਮੁਕੰਮਲ ਬਾਂਡ (ਉਪਰੋਕਤ ਰਾਸ਼ੀ ਅਤੇ ਸਮੇਂ ਦਾ) ਉਨ੍ਹਾਂ ਵਲੋਂ ਭਰਿਆ ਹੋਵੇ।

## 4. ਸੁਪਰ ਸਪੈਸ਼ਲਿਟੀ ਕੋਰਸ:

4.1 ਪੀ.ਸੀ.ਐਮ.ਐਸ. ਡਾਕਟਰ ਜੋ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਉਹ ਸੁਪਰ ਸਪੈਸ਼ਲਿਟੀ ਕੋਰਸ ਕਰਨ ਲਈ ਯੋਗ ਹੋਣਗੇ:

(ੳ) 5 ਸਾਲ ਦੀ ਰੈਗੂਲਰ ਸੇਵਾ ਜਿਸ ਵਿਚ 3 ਸਾਲ ਦੀ ਪੇਂਡੂ ਸੇਵਾ ਤੱਦ ਅਰਥ ਸੇਵਾ ਸਮੇਤ ਕੀਤੀ ਹੋਵੇ;

(ਅ) ਪਰਖਕਾਲ ਸਮਾਂ ਪੂਰਾ ਕੀਤਾ ਹੋਇਆ ਹੋਵੇ;

(ੲ) ਇਨ੍ਹਾਂ ਦਾ ਸਰਵਿਸ ਰਿਕਾਰਡ ਠੀਕ ਹੋਵੇ ਅਤੇ ਕੋਈ ਵਿਜੀਲੈਂਸ/ਵਿਭਾਗੀ ਅਤੇ ਅਨੁਸ਼ਾਸਨਿਕ ਕਾਰਵਾਈ ਲੰਬਿਤ ਨਾ ਹੋਵੇ।

4.2 ਸਿਹਤ ਵਿਭਾਗ ਸੁਪਰ ਸਪੈਸ਼ਲਿਟੀ ਕੋਰਸ ਲਈ ਇਤਰਾਜਹੀਣਤਾ ਸਰਟੀਫਿਕੇਟ ਤਦੋਂ ਹੀ ਦੇਵੇਗਾ ਜੇਕਰ ਉਸ ਸੁਪਰ ਸਪੈਸ਼ਲਿਟੀ ਕੋਰਸ ਦੀ ਸਿਹਤ ਵਿਭਾਗ ਵਿੱਚ ਲੋੜ ਹੈ ਨਾ ਕਿ ਹਰੇਕ ਸੁਪਰ ਸਪੈਸ਼ਲਿਟੀ ਕੋਰਸ ਲਈ। ਜਿਹੜੇ ਡਿਸਪਲਿਨ ਵਿੱਚ ਸੁਪਰਸਪੈਸ਼ਲਿਟੀ ਯੋਗਤਾ ਰੱਖਣ ਵਾਲੇ ਡਾਕਟਰਾਂ ਦੀ ਘਾਟ/ਲੋੜ ਹੈ, ਉਨ੍ਹਾਂ ਬਾਰੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਲੋੜ ਅਨੁਸਾਰ ਇਸ ਬਾਰੇ ਸਰਕਾਰ ਤੋਂ ਪ੍ਰਵਾਨਿਤ ਕਰਵਾਏਗਾ।

4.3 ਸੁਪਰ-ਸਪੈਲਸ਼ਟੀ ਲਈ ਜਾਣ ਵਾਲੇ ਡਾਕਟਰਾਂ ਨੂੰ ਬਣਦੀ ਛੁੱਟੀ ਦਿੱਤੀ ਜਾਵੇਗੀ।

4.4 ਯੋਗ ਪੀ.ਸੀ.ਐਮ.ਐਸ. ਡਾਕਟਰ ਸੁਪਰ ਸਪਸ਼ਲਿਟੀ ਕੋਰਸ ਦੇ ਦਾਖਲੇ ਲਈ ਪੰਜਾਬ ਸਰਕਾਰ ਦੇ ਸਰਕਾਰੀ/ਗੈਰ-ਸਰਕਾਰੀ ਮੈਡੀਕਲ ਕਾਲਜਾਂ ਅਤੇ ਪੰਜਾਬ ਰਾਜ ਤੋਂ ਬਾਹਰ ਸਰਕਾਰੀ/ਗੈਰ-ਸਰਕਾਰੀ ਮੈਡੀਕਲ ਕਾਲਜਾਂ ਵਿੱਚ ਦਾਖਲਾ ਲੈ ਸਕਦੇ ਹਨ । ਇਸ ਕੈਟਾਗਰੀ ਵਿੱਚ ਵੱਧ ਤੋਂ ਵੱਧ 5 ਡਾਕਟਰਾਂ ਨੂੰ ਭੇਜਿਆ ਜਾਵੇਗਾ। ਜੇਕਰ 5 ਡਾਕਟਰਾਂ ਤੋਂ ਜਿਆਦਾ ਡਾਕਟਰਾਂ ਦੀਆਂ ਅਰਜੀਆਂ ਪ੍ਰਾਪਤ ਹੋਈਆਂ ਤਾਂ ਸਿਲੈਕਸਨ ਸਨਿਓਰਿਟੀ ਦੇ ਅਧਾਰ ਤੇ ਕੀਤੀ ਜਾਵੇਗੀ।

4.5 ਸੁਪਰ ਸਪੈਸ਼ਲਿਟੀ ਕੋਰਸ ਕਰਨ ਲਈ ਡਾਕਟਰਾਂ ਲਈ 12 ਲੱਖ ਰੁਪਏ ਦਾ ਬਾਂਡ ਮਨੀ ਹੋਵੇਗਾ ਅਤੇ ਬਾਂਡ ਦਾ ਸਮਾਂ 5 ਸਾਲ ਦਾ ਹੋਵੇਗਾ। ਜੇਕਰ ਡਾਕਟਰ ਬਾਂਡ ਦੇ ਪੂਰੇ ਸਮੇਂ ਲਈ ਸਰਕਾਰੀ ਸੇਵਾ ਨਹੀਂ ਕਰਦਾ ਤਾਂ ਉਸ ਵਲੋਂ ਅਜਿਹਾ ਕਰਨ ਦੀ ਸੂਰਤ ਵਿੱਚ 12 ਲੱਖ ਰੁਪਏ ਦੀ ਰਾਸ਼ੀ ਸਰਕਾਰ ਕੋਲ ਜਮ੍ਹਾਂ ਕਰਾਉਣੀ ਪਵੇਗੀ।

4.6 ਡਾਕਟਰ ਨੂੰ ਸੁਪਰ ਸਪੈਸ਼ਲਿਟੀ ਕੋਰਸ ਲਈ ਤਦੋਂ ਹੀ ਭੇਜਿਆ ਜਾਵੇਗਾ ਜੇਕਰ ਸੁਪਰ ਸਪੈਸ਼ਲਿਟੀ ਕੋਰਸ ਕਰਨ ਤੋਂ ਬਾਅਦ ਉਸ ਦੀ ਸਰਕਾਰੀ ਨੌਕਰੀ ਘੱਟੋ ਘੱਟ 5 ਸਾਲ ਦੀ ਰਹਿੰਦੀ ਹੋਵੇ।

4.7 ਜੇਕਰ ਡਾਕਟਰ ਨੇ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ) ਲਈ ਪਹਿਲਾਂ ਬਾਂਡ ਭਰਿਆ ਹੋਇਆ ਅਤੇ ਸੁਪਰ ਸਪਸ਼ਲਿਟੀ ਕੋਰਸ ਲਈ ਜਾ ਰਿਹਾ ਹੈ ਤਾਂ ਹੀ ਭੇਜਿਆ ਜਾਵੇਗਾ ਜੇਕਰ ਉਸ ਦੀ ਸਰਵਿਸ ਘੱਟੋ ਘੱਟ 5 ਸਾਲ ਦੀ ਸੇਵਾ ਜਮਾਂ ਪਹਿਲੇ ਬਾਂਡ ਦੇ ਰਹਿੰਦੇ ਸਮੇਂ ਦੇ ਬਰਾਬਰ ਸਰਵਿਸ ਰਹਿੰਦੀ ਹੋਵੇ। ਉਦਾਹਰਣ ਦੇ ਤੌਰ ਤੇ ਜੇਕਰ ਕਿਸੇ ਡਾਕਟਰ ਨੇ ਪੋਸਟ ਗਰੈਜੂਏਸ਼ਨ (ਡਿਪਲੋਮਾ/ਡਿਗਰੀ) ਲਈ ਬਾਂਡ ਭਰਿਆ ਹੋਇਆ ਅਤੇ ਬਾਂਡ ਦਾ ਸਮਾਂ 6 ਸਾਲ ਦਾ ਰਹਿੰਦਾ ਹੈ ਤਾਂ ਸੁਪਰ ਸਪੈਸ਼ਲਿਟੀ ਕੋਰਸ ਲਈ ਉਸ ਨੂੰ ਤਦੋਂ ਹੀ ਭੇਜਿਆ ਜਾਵੇਗਾ ਜੇਕਰ ਸੁਪਰ ਸਪੈਸ਼ਲਿਟੀ ਕੋਰਸ ਕਰਨ ਤੋਂ ਬਾਅਦ ਉਸ ਦੀ ਸਰਵਿਸ 5+6 ਸਾਲ ਕੁਲ 11 ਸਾਲ ਦੀ ਸੇਵਾ ਰਹਿੰਦੀ ਹੋਵੇ।

4.8 ਇਸ ਤਰ੍ਹਾਂ ਦੇ ਡਾਕਟਰਾਂ ਨੂੰ ਸੁਪਰ ਸਪੈਸ਼ਲਿਟੀ ਕੋਰਸ ਲਈ ਇਕ ਨਵਾਂ ਬਾਂਡ ਭਰਨਾ ਪਵੇਗਾ ਜਿਸ ਦੀ ਬਾਂਡ ਮਨੀ 12 ਲੱਖ ਰੁਪਏ ਜਮਾਂ ਪਹਿਲਾਂ ਪੀ.ਜੀ ਕੋਰਸ ਲਈ ਭਰੀ ਬਾਂਡ ਦੀ ਰਕਮ ਅਤੇ ਨਵੇ ਬਾਂਡ ਦਾ ਸਮਾਂ 5 ਸਾਲ ਜਮਾਂ ਪੁਰਾਣੇ ਬਾਂਡ ਦਾ ਰਹਿੰਦਾ ਹੋਇਆ ਸਮਾਂ ਹੋਵੇਗਾ।

4.9 ਉਪਰੋਕਤ ਹਦਾਇਤਾਂ ਵਿੱਚ ਰੂਰਲ ਸੇਵਾ ਅਤੇ ਕੋਰਸ ਪੂਰਾ ਹੋਣ ਉਪਰੰਤ ਬਾਂਡ ਲਈ ਬਚਦੀ ਸੇਵਾ ਬਾਰੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਵਲੋਂ ਇਤਰਾਜ-ਹੀਣਤਾ ਸਰਟੀਫਿਕੇਟ ਹਾਸਲ ਕਰਨ ਤੋਂ ਬਾਅਦ ਹੀ ਉਮੀਦਵਾਰ ਐਡਮਿਸ਼ਨ ਲਈ ਅਪਲਾਈ ਕਰੇਗਾ ਜਾਂ ਇੰਟਰੈਂਸ ਟੈਸਟ ਵਿੱਚ ਬੈਠੇਗਾ। ਇਤਰਾਜ-ਹੀਣਤਾ ਸਰਟੀਫਿਕੇਟ ਤੋਂ ਬਿਨਾਂ ਡਾਕਟਰ ਨਾ ਤਾਂ ਐਡਮਿਸ਼ਨ ਲਈ ਅਪਲਾਈ ਕਰ ਸਕਦਾ ਹੈ ਅਤੇ ਨਾ ਹੀ ਇੰਟਰੈਂਸ ਟੈਸਟ ਵਿੱਚ ਬੈਠ ਸਕਦਾ ਹੈ।

4.10 ਪੀ.ਜੀ. ਕੋਰਸ ਵਿੱਚ ਦਾਖਲਾ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਲੋਂ ਇਤਰਾਜ-ਹੀਣਤਾ ਸਰਟੀਫਿਕੇਟ ਲੈਣ ਤੋਂ ਬਾਅਦ ਹੀ ਲੈ ਸਕਦੇ ਹਨ। ਸਰਕਾਰ ਇਤਰਾਜ-ਹੀਣਤਾ ਸਰਟੀਫਿਕੇਟ ਤਦੋਂ ਹੀ ਦੇਵੇਗੀ ਜੇਕਰ ਡਾਕਟਰ ਉਪਰ ਲਿਖੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਮੁਕੰਮਲ ਬਾਂਡ (ਉਪਰੋਕਤ ਰਾਸ਼ੀ ਅਤੇ ਸਮੇਂ ਦਾ) ਉਨ੍ਹਾਂ ਵਲੋਂ ਭਰਿਆ ਹੋਵੇ।

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ।

ਪਿਠਅੰਕਣ ਨੰ: 26/12/94-1ਸਿ2/129 ਮਿਤੀ, ਚੰਡੀਗੜ੍ਹ, 8-1-2010

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ, ਪੰਜਾਬ, ਚੰਡੀਗੜ੍ਹ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੋਸਟ ਗਰੈਜੂਏਟ ਐਂਟਰੈਂਸ ਟੈਸਟ ਬਾਰੇ ਛਪਵਾਏ ਜਾਣ ਵਾਲੇ ਪਰਾਸਪੈਕਟ ਵਿੱਚ ਇਹਨਾਂ ਹਦਾਇਤਾਂ ਨੂੰ ਸ਼ਾਮਲ ਕਰਨਾ ਯਕੀਨੀ ਬਣਾਇਆ ਜਾਵੇ।

(2) ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ ਨੂ ਬੇਨਤੀ ਕੀਤੀ ਜਾਂਦੀ ਹੈ ਕਿ ਪੋਸਟ ਗਰੈਜੂਏਟ ਐਂਟਰੈਂਸ ਟੈਸਟ ਬਾਰੇ ਛਪਵਾਏ ਜਾਣ ਵਾਲੇ ਪਰਾਸਪੈਕਟ ਵਿੱਚ ਇਹਨਾਂ ਹਦਾਇਤਾਂ ਨੂੰ ਸ਼ਾਮਲ ਕਰਨਾ ਯਕੀਨੀ ਬਣਾਇਆ ਜਾਵੇ।

(3) ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ , ਫਰੀਦਕੋਟ ਨੂੰ ਉਪਰੋਕਤ ਸ਼ਰਤਾਂ ਨੂੰ ਪੋਸਟ ਗਰੈਜੂਏਸ਼ਨ ਈਂਟਰੈਸ ਟੈਸਟ ਬਾਰੇ ਛੱਪਣ ਵਾਲੇ ਪ੍ਰਾਸਪੈਕਟਰ ਦੇ ਸਬੰਧਤ ਪੈਰ੍ਹਿਆਂ ਵਿੱਚ ਸ਼ਾਮਲ ਕਰਨਾ ਯਕੀਨੀ ਬਣਾਇਆ ਜਾਵੇ।

(4) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ, ਫਰੀਦਕੋਟ ਅਤੇ ਅੰਮ੍ਰਿਤਸਰ।

(5) ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ/ ਡਾਇਰੈਕਟਰ ਸਿਹਤ ਸੇਵਾਵਾਂ ( ਸਬ)

(6) ਮੈਡੀਕਲ ਸੁਪਰਡੰਟ, ਮਾਤਾ ਕੁਸ਼ਲਿਆ ਹਸਪਤਾਲ, ਪਟਿਆਲਾ/ ਸਿਵਲ ਹਸਪਤਾਲ, ਜਲੰਧਰ।

(7) ਸਕੱਤਰ/ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ।

(8) ਰਾਜ ਦੇ ਸਾਰੇ ਸਿਵਲ ਸਰਜਨ;

(9) ਸੁਪਰਡੰਟ, ਸਿਹਤ -1 ਸ਼ਾਖਾ ਅਤੇ ਸਿਹਤ (3) ਸ਼ਾਖਾ;

(10) ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਚੰਡੀਗੜ੍ਹ।

ਵਧੀਕ ਸਕੱਤਰ ਸਿਹਤ (ਜੀ)

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ -2 ਸ਼ਾਖਾ)

ਸੇਵਾ ਵਿਖੇ

ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ
ਪੰਜਾਬ, ਚੰਡੀਗੜ੍ਹ

ਨੰ:
ਮਿਤੀ, ਚੰਡੀਗੜ੍ਹ 11-1-2●1●

**ਵਿਸ਼ਾ-** **ਪੋਸਟ ਗਰੈਜੂਏਟ ਐਂਟਰੈਂਸ ਟੈਸਟ 2●1● ਦੀਆਂ ਹਦਾਇਤਾਂ ਅਤੇ ਬਾਬਾ ਫਰੀਦ ਯੂਨੀਵਰਸਿਟੀ ਵਲੋਂ ਜਾਰੀ ਕੀਤੇ ਜਾਣ ਵਾਲੇ ਪ੍ਰਾਸਪੈਕਟਸ ਵਿਚੋਂ 6● ਪ੍ਰਤੀਸ਼ਤ ਕੋਟਾ ਸੀਟਾਂ ਲਈ ਸੋਧ**

ਪੰਜਾਬ ਸਰਕਾਰ ਨੇ ਆਪਣੇ ਪੱਤਰ ਨੰ. 26/12/94-1ਸਿ2/126-128 ਮਿਤੀ 8-1-2●1● ਰਾਹੀਂ ਪੀ.ਸੀ.ਐਮ.ਐਸ./ਪੀ.ਸੀ.ਐਮ.ਐਸ. (ਡੈਂਟਲ)/ਪੰਜਾਬ ਡੈਂਟਲ ਐਜੂਕੇਸ਼ਨ ਸਰਵਿਸ ਡਾਕਟਰਾਂ ਨੂੰ 6● ਪ੍ਰਤੀਸ਼ਤ ਕੋਟਾ ਪੀ.ਜੀ ਸੀਟਾਂ ਲਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਕਰਕੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਵਲੋਂ ਜੋ ਹਦਾਇਤਾਂ ਪੱਤਰ ਨੰ:5/12/2●●8-3ਸਿ-3/1445, ਮਿਤੀ 17-3-2●●8 ਰਾਹੀਂ ਜਾਰੀ ਹੋਈਆਂ ਹਨ ਉਹਨਾਂ ਵਿਚ ਸੋਧ ਕਰਨੀ ਪਵੇਗੀ। ਇਸੇ ਤਰ੍ਹਾਂ ਬਾਬਾ ਫਰੀਦ ਯੂਨੀਵਰਸਿਟੀ ਵਲੋਂ ਜੋ ਪ੍ਰਾਸਪੈਕਟਸ ਜਾਰੀ ਹੁੰਦਾ ਹੈ ਉਸ ਵਿਚ ਵੀ ਸੋਧ ਕਰਨੀ ਪਵੇਗੀ। ਸੋਧ ਦਾ ਨਮੂਨਾ ਅਤੇ ਸਰਕਾਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਨਾਲ ਨੱਥੀ ਹਨ।

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ
11/1/2●1●

ਪਿਠਅੰਕਣ ਨੰ: ਮਿਤੀ: 11-1-2●1●

ਉਤਾਰਾ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ,ਫਰੀਦਕੋਟ, ਪੰਜਾਬ ਨੂੰ ਯੋਗ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ
11-1-2●1●

**Suggested Amendments**

**SUBJECT: ADMISSIONS TO POST GRADUATE DEGREE/DIPLOMA COURSES SESSION-2008 ONWARDS**

Amendments in the notification No.5/12/2008-3HBIII/1445, dated 17/3/2008 issued by Department of Medical Education and Research in view of fresh guidelines issued by Department of Health and Family Welfare vide memo No. No. 26/12/94-1HB2/126-128 dated 8/1/2009.

**Para 14 (a)- For 60% seats in Post Graduate Degree for PCMS/PCMS(Dental)/PDES**

**(i) Eligibility-** The test shall be open to in service candidates of PCMS/PCMS(Denral)/ Punjab Dental Education Service provided-

**(a)** In the case of PCMS/PCMS (Dental)- Doctors who-

- have cleared their probation period; and
- have completed a minimum of 3 years of rural services; and
- after completion of Post Gradaute Course have minimum of 10 years service left; and
- whose service record is good; and
- against whom no vigilance inquiry/departmental proceedings are pending.

**(b)** In the case of Punjab Dental Education Service(PDES)- Doctors who have completed 3 years of rural service in Punjab Dental Education Service.

**(iv) Applications-** The following documents shall be attached with the application submitted by the candidates for the Post Graduate Entrance Test (PGET) **–**

(a) In the case of PCMS/PCMS (Dental) doctors**-** A No Objection Certificate from the Director Health Services for appearing in the test and a Certificate regarding length of service, length of rural service and number of years of service left after completion of Post Graduate course and that no departmental/vigilance inquiries are pending against the candidate.

(b) In the case of Punjab Dental Education Service- A Certificate from the Principals of Government Dental Colleges regarding the length of service as Punjab Dental Education Services.

**(vi)** Needs to be deleted.

**(vii)** Needs to be delteted.

**(xi)** All PCMS/PCMS (Dental)/PDES who are selected for admission to Post Graduate Course shall have to produce-

(a) In case of PCMS/PCMS (Dental)- A No Objection Certificate from the Government in the Department of Health and Family Welfare ;

(b) For Punjab Dental Education Service- A No Objection Certificate from Director Research and Medical Education;

for joining the course in accordance with the instructions issued by the Department of Health and Family Welfare vide memo No. 26/12/94-1HB2/126-128 dated 8/1/2010 and any other instructions issued by the Punjab Government.

Principal Secretary Health and
Family Welfare

The Department of Medical Education and Research vide its notification No.5/12/2008-3HBIII/1445, dated 17/3/2008 has issued detailed guidelines on the subject. The Department of Health and Family Welfare has issued fresh guidelines regarding admissions for 60% quota seats meant for PCMS/PCMS (Dental) doctors. The relevant paras which required to be changed are reproduced below-

**Para 14-(a)(i)-** The test shall be open to –

(a) PCMS/PCMS (Dental) doctors who have completed a minimum of 3 years rural service and who after completion of PG course have minimum of 10 years of service left;
(b) Doctors who have completed minimum 3 years rural service in Punjab Dental Education Services.

**Para 14 (a) (iv)-** PCMS /PCMS (Dental) doctor while applying would attach a No Objection Certficate from the Director Health Services for appearing in the test. Only those doctors would be allowed to appear in the test who certificate for length of service as PCMS/PCMS (Dental), length of rural service and service left after completion of Post Graduate Course and certificate recording that no departmental inquiry/ disciplinary proceedings are pending him. Members of Punjab Dental Education Services shall attach certificate regarding length of service from the Principals of Government Medical/Dental Colleges as the case may be.

**Para 14 (a) (vii)-** May be deleted. All PCMS/Dental doctors who are selected for admission to Post Graudate Course under 60% quota shall have to produce a No Objection Certificate from the Director Health Services before joining the course in accordance with the instructions issued by the Department of Health and Family Welfare vide No. 26/12/94-1HB2/126-128 dated 8/1/2009.